730
17/12/18

ਨੰ: 4/3/2018-2ਪੀਪੀ2/1360907/1

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ਼-2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ;
ਡਵੀਜਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਜ਼ਿਲ੍ਹਾ ਅਤੇ ਸੈਸ਼ਨ ਜੱਜ;
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ; ਅਤੇ
ਸਮੂਹ ਸਬ ਡਵੀਜ਼ਨਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ: 27/11/18

**ਵਿਸ਼ਾ:- ਸਰਕਾਰੀ ਕਰਮਚਾਰੀ (ਆਚਰਣ) ਨਿਯਮਾਵਲੀ, 1966 ਦੇ ਨਿਯਮ-18 ਦੇ ਸਬ ਨਿਯਮ 2 ਸਬੰਧੀ ਸਪਸ਼ਟੀਕਰਣ।**

*****

ਸ਼੍ਰੀਮਾਨ/ਸ਼੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਸਰਕਾਰ ਵੱਲੋਂ ਜਾਰੀ ਪੱਤਰ ਨੰ: 4/1/2008-2ਪੀਪੀ2/1233, ਮਿਤੀ 19-9-2011, ਜਿਸ ਰਾਹੀਂ ਆਪ ਨੂੰ ਪੰਜਾਬ ਸਰਕਾਰ ਦੇ ਗਜਟ ਨੋਟੀਫਿਕੇਸ਼ਨ ਨੰ: G.S.R.61/Const./Arts.187, 309, ਮਿਤੀ 8.9.2011 ਦੀ ਕਾਪੀ ਭੇਜੀ ਗਈ ਸੀ, ਵੱਲ ਦਿਵਾਉਂਦੇ ਹੋਏ ਲਿਖਣ ਦੀ ਹਦਾਇਤ ਹੋਈ ਹੈ ਕਿ ਇਸ ਗਜਟ ਨੋਟੀਫਿਕੇਸ਼ਨ ਰਾਹੀਂ ਸਰਕਾਰੀ ਕਰਮਚਾਰੀ (ਆਚਰਣ) ਨਿਯਮਾਵਲੀ, 1966 ਦੇ ਨਿਯਮ-18 ਦੇ ਸਬ ਰੂਲ (2) ਅਤੇ (3) ਦੀ ਥਾਂ ਤੇ ਸਬ ਰੂਲ (2) substitute ਕਰਦੇ ਹੋਏ ਹੇਠ ਅਨੁਸਾਰ ਉਪਬੰਧ ਕੀਤਾ ਗਿਆ ਸੀ:-

> **"Every Government Employee shall report to the prescribed authority each transaction of moveable or immovable property made by way of lease, mortgage, purchase, sale, gift or otherwise, either in his own name or in the name of any member of his family, if the actual cost of such transaction exceeds one month's gross salary of such employee."**

2. ਉਪਰੋਕਤ ਉਪਬੰਧਾਂ ਦੇ ਸਨਮੁੱਖ ਸਰਕਾਰ ਪਾਸ ਸਪਸ਼ਟੀਕਰਨ ਦੇਣ ਹਿੱਤ ਹਵਾਲੇ ਪ੍ਰਾਪਤ ਹੋ ਰਹੇ ਸਨ ਕਿ ਕਰਮਚਾਰੀ ਵੱਲੋਂ ਨਿਰਧਾਰਤ ਅਥਾਰਿਟੀ ਨੂੰ ਉਕਤ ਅਨੁਸਾਰ ਰਿਪੋਰਟ ਕਿੰਨੇ ਸਮੇਂ ਵਿੱਚ ਦਿੱਤੀ ਜਾਣੀ ਹੈ।

3. ਮਾਮਲੇ ਨੂੰ ਵਿਚਾਰਨ ਉਪਰੰਤ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਅਧਿਕਾਰੀ/ਕਰਮਚਾਰੀ ਵੱਲੋਂ ਚੱਲ/ਅਚੱਲ ਸੰਪਤੀ ਪ੍ਰਾਪਤ/ਗ੍ਰਹਿਣ ਕਰਨ ਤੋਂ ਬਾਅਦ ਇੱਕ ਮਹੀਨੇ ਦੇ ਅੰਦਰ-ਅੰਦਰ ਸਮਰੱਥ ਅਥਾਰਿਟੀ ਨੂੰ ਰਿਪੋਰਟ ਭੇਜੀ ਜਾਇਆ ਕਰੇ।

4. ਇਹਨਾਂ ਹਦਾਇਤਾਂ ਦੀ ਇਨ-ਬਿਨ ਪਾਲਣਾ ਕੀਤੇ ਜਾਣ ਨੂੰ ਤੁਰੰਤ ਯਕੀਨੀ ਬਣਾਇਆ ਜਾਵੇ।

ਵਿਸ਼ਵਾਸ਼ਪਾਤਰ

(ਹਰਬੰਸ ਸਿੰਘ)
ਉਪ ਸਕੱਤਰ ਪ੍ਰਸੋਨਲ

ਇਸ ਦਾ ਇੱਕ ਉਤਾਰਾ ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/
ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

**ਅੰ.ਵਿ.ਪੱ.ਨੰ:4/3/2018-2ਪੀਪੀ2/136090712** **ਮਿਤੀ,ਚੰਡੀਗੜ੍ਹ: 27/11/18**

ਪਿੱਠ ਅੰਕਣ ਨੰ.15/23/2018-ਅ-6/ 30023 ਮਿਤੀ 19-12-18

ਇਸ ਦਾ ਇੱਕ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਅਤੇ ਲੜੀ ਨੰ.6 ਨੂੰ ਵਿਭਾਗ ਦੀ ਵੈਬ-ਸਾਇਡ ਤੇ ਅੱਪ ਲੋਡ ਕਰਲ ਲਈ ਭੇਜਿਆ ਜਾਦਾ ਹੈ:-

1) ਸੰਯੁਕਤ ਡਾਇਰੈਕਟਰ ਪਸ਼ੂ ਪਾਲਣ ਸਦਰ ਦਫਤਰ
2) ਸੰਯੁਕਤ ਡਾਇਰੈਕਟਰ,ਪਸ਼ੂ ਪਾਲਣ (ਫੀਡ ਤੇ ਫਾਡਰ) ਪੰਜਾਬ
3) ਡਿਪਟੀ ਸੀ.ਈ.ਓ.ਪੰਜਾਬ ਪਸ਼ੂ ਧੰਨ ਬੋਰਡ ਪੰਜਾਬ
4) ਸਮੂਹ ਅਧੀਨ ਦਫਤਰ ,
5) ਸਮੂਹ ਅਧਿਕਾਰੀ ਸਦਰ ਦਫਤਰ
6) ਡਾ. ਲਖਵਿੰਦਰ ਸਿੰਘ,ਵੈਟਨਰੀ ਅਫਸਰ ਸਦਰ ਦਫਤਰ
7) ਸਮੂਹ ਸ਼ਾਖਾਵਾਂ ਦੇ ਮੁੱਖੀ,
8) ਪੀ.ਏ.ਟੂ.ਡੀ.ਏ.ਐਚ.

19/12

ਵ/ਡਾਇਰੈਕਟਰ,ਪਸ਼ੂ ਪਾਲਣ ਵਿਭਾਗ,ਪੰਜਾਬ
ਸਾਹਿਬ਼ਜਾਦਾ ਅਜੀਤ ਸਿੰਘ ਨਗਰ ।

19/12/18